Ontario

ਵਿੱਤ ਮੰਤਰਾਲਾ




*ਨਿਊਜ਼ ਰਿਲੀਜ਼*

# ਬਜਟ 2015 ਓਨਟੇਰੀਓ ਦੇ ਇਤਿਹਾਸ ਵਿੱਚ ਬੁਨਿਆਦੀ ਢਾਂਚੇ ਦਾ ਸਭ ਤੋਂ ਵੱਡਾ ਨਿਵੇਸ਼ ਕਰਦਾ ਹੈ

*ਸਰਕਾਰ ਓਨਟੇਰੀਓ ਨੂੰ ਉੱਪਰ ਚੁੱਕ ਰਹੀ ਹੈ, ਅਰਥ-ਵਿਵਸਥਾ ਵਿੱਚ ਵਾਧਾ ਕਰ ਰਹੀ ਹੈ ਅਤੇ ਨੌਕਰੀਆਂ ਪੈਦਾ ਕਰ ਰਹੀ ਹੈ*

23 ਅਪ੍ਰੈਲ, 2015

ਵਿੱਤ ਮੰਤਰੀ (Finance Minister) Charles Sousa ਨੇ ਅੱਜ *2015 ਦਾ ਬਜਟ* ਜਾਰੀ ਕੀਤਾ, ਜੋ ਆਰਥਿਕ ਵਿਕਾਸ ਅਤੇ ਨਵੀਆਂ ਨੌਕਰੀਆਂ ਵਿੱਚ ਸਹਾਇਤਾ ਕਰਨ ਲਈ ਬੁਨਿਆਦੀ ਢਾਂਚੇ ਵਿੱਚ ਬੇਮਿਸਾਲ ਨਿਵੇਸ਼ ਨੂੰ ਸੰਭਵ ਬਣਾਉਂਦਾ ਹੈ।

ਇਹ ਬਜਟ ਅਹਿਮ ਜਨਤਕ ਸੇਵਾਵਾਂ, ਜਿਹਨਾਂ 'ਤੇ ਪਰਿਵਾਰ ਅਤੇ ਭਾਈਚਾਰੇ ਨਿਰਭਰ ਕਰਦੇ ਹਨ, ਨੂੰ ਬਰਕਰਾਰ ਰੱਖਦੇ ਹੋਏ ਅਰਥ-ਵਿਵਸਥਾ ਵਿੱਚ ਵਾਧਾ ਕਰਨ ਲਈ ਹੋਰ ਨਵੀਨਤਾਕਾਰੀ ਤਰੀਕੇ ਲੱਭਣ ਲਈ ਸਰਕਾਰ ਦੀ ਵਚਨਬੱਧਤਾ 'ਤੇ ਕਾਰਵਾਈ ਕਰਦਾ ਹੈ। ਇਸ ਵਿੱਚ ਓਨਟਾਰੀਓ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਬੁਨਿਆਦੀ ਢਾਂਚੇ ਦੇ ਨਿਵੇਸ਼ ਵਿੱਚ ਸਹਾਇਤਾ ਕਰਨ ਲਈ ਸੂਬਾਈ ਸੰਪਤੀਆਂ ਦੇ ਮੁੱਲ ਦਾ ਵੱਧ ਤੋਂ ਵੱਧ ਲਾਭ ਲੈਣਾ ਸ਼ਾਮਲ ਹੈ।

ਸੂਬਾ ਸਮਾਜਿਕ ਜ਼ਿੰਮੇਵਾਰੀ ਬਾਰੇ ਓਨਟਾਰੀਓ ਦੀ ਮਜ਼ਬੂਤ ਵਚਨਬੱਧਤਾ ਨੂੰ ਬਰਕਰਾਰ ਰੱਖਦੇ ਹੋਏ ਗਾਹਕਾਂ ਦੀ ਸਹੂਲਤ ਅਤੇ ਚੋਣ ਵਿੱਚ ਵਾਧਾ ਕਰਨ ਲਈ ਕਰਿਆਨੇ ਦੀਆਂ ਦੁਕਾਨਾਂ 'ਤੇ ਬੀਅਰ ਦੀ ਵਿਕਰੀ ਦੀ ਵੀ ਸ਼ੁਰੂਆਤ ਕਰ ਰਿਹਾ ਹੈ।

ਓਨਟਾਰੀਓ 2015-16 ਵਿੱਚ $8.5 ਬਿਲੀਅਨ ਘਾਟੇ ਦਾ ਅਨੁਮਾਨ ਲਗਾ ਰਿਹਾ ਹੈ, ਜੋ *2014 ਦੇ ਬਜਟ* ਵਿੱਚ ਕੀਤੇ ਅਨੁਮਾਨ ਨਾਲੋਂ ਘੱਟ ਹੈ, ਅਤੇ ਜੋ ਕੌਮਾਂਤਰੀ ਮੰਦੀ ਦੀ ਸ਼ੁਰੂਆਤ ਤੋਂ ਬਾਅਦ ਸਭ ਤੋਂ ਨਿਚਲੇ ਪੱਧਰ 'ਤੇ ਹੋਵੇਗਾ। ਸੂਬਾ ਸੰਤੁਲਨ ਦੇ ਰਸਤੇ 'ਤੇ ਚੱਲਣ ਲਈ ਵਿਚਾਰਸ਼ੀਲ ਅਤੇ ਵਿਵੇਕਸ਼ੀਲ ਪਹੁੰਚ ਅਪਨਾਉਣੀ ਜਾਰੀ ਰੱਖੇਗਾ, ਜਿਸ ਵਿੱਚ 2016-17 ਲਈ $4.8 ਬਿਲੀਅਨ ਦੇ ਘਾਟੇ ਦੀ ਭਵਿੱਖਬਾਣੀ ਅਤੇ 2017-18 ਤਕ ਸੰਤੁਲਨ ਵੱਲ ਵਾਪਸੀ ਸ਼ਾਮਲ ਹੈ। ਸਰਕਾਰ ਦੀ ਚਾਰ ਹਿੱਸਿਆਂ ਵਾਲੀ ਯੋਜਨਾ ਹੈ ਲੋਕਾਂ ਦੀਆਂ ਪ੍ਰਤਿਭਾਵਾਂ ਅਤੇ ਹੁਨਰਾਂ ਵਿੱਚ ਨਿਵੇਸ਼ ਕਰਕੇ, ਸੜਕਾਂ ਅਤੇ ਆਵਾਜਾਈ ਦੇ ਸਾਧਨਾਂ ਵਰਗੇ ਜਨਤਕ ਬੁਨਿਆਦੀ ਢਾਂਚਿਆਂ ਦੀ ਉਸਾਰੀ ਕਰਕੇ, ਗਤੀਸ਼ੀਲ, ਨਵੀਨਤਾਕਾਰੀ ਮਾਹੌਲ ਬਣਾ ਕੇ ਜਿੱਥੇ ਕਾਰੋਬਾਰ ਵੱਧਦਾ-ਫੁੱਲਦਾ ਹੈ, ਅਤੇ ਸੁਰੱਖਿਅਤ ਰਿਟਾਇਰਮੈਂਟ ਬੱਚਤ ਯੋਜਨਾ ਕਾਇਮ ਕਰਕੇ ਓਨਟਾਰੀਓ ਦੀ ਉਸਾਰੀ ਕਰਨਾ ਹੈ।

## ਓਨਟਾਰੀਓ ਦੇ ਬੁਨਿਆਦੀ ਢਾਂਚੇ ਨੂੰ ਉੱਪਰ ਚੁੱਕਣਾ

ਜਨਤਕ ਬੁਨਿਆਦੀ ਢਾਂਚੇ ਦਾ ਨਵੀਨੀਕਰਨ ਅਤੇ ਵਿਸਤਾਰ ਭਵਿੱਖ ਦੀਆਂ ਸਿੱਖਿਆ, ਸਿਹਤ-ਸੰਭਾਲ ਅਤੇ ਸੜਕੀ ਅਤੇ ਰੋਜ਼ਾਨਾ ਆਵਾਜਾਈ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਏ ਓਨਟਾਰੀਓ ਦੇ ਉਦਯੋਗਾਂ ਦੀ ਸਹਾਇਤਾ ਕਰਦਾ ਹੈ, ਨੌਕਰੀਆਂ ਪੈਦਾ ਕਰਦਾ ਹੈ ਅਤੇ ਓਨਟਾਰੀਓ ਨੂੰ ਕੌਮਾਂਤਰੀ ਅਰਥ-ਵਿਵਸਥਾ ਵਿੱਚ ਬਿਹਤਰ ਢੰਗ ਨਾਲ ਮੁਕਾਬਲਾ ਕਰਨ ਦੇ ਸਮਰੱਥ ਬਣਾਉਂਦਾ ਹੈ। ਜਦੋਂ ਓਨਟਾਰੀਓ ਨਿਵੇਸ਼ ਕਰਦਾ ਹੈ, ਤਾਂ ਇਹ ਨਿਰਮਾਣ ਕਰ ਰਿਹਾ ਹੁੰਦਾ ਹੈ — ਅਤੇ ਜਦੋਂ ਇਹ ਨਿਰਮਾਣ ਕਰ ਰਿਹਾ ਹੁੰਦਾ ਹੈ, ਤਾਂ ਇਹ ਵਿਕਾਸ ਕਰ ਰਿਹਾ ਹੁੰਦਾ ਹੈ। *2015 ਦਾ ਬਜਟ* ਅਗਲੇ 10 ਸਾਲਾਂ ਦੌਰਾਨ ਜਨਤਕ ਬੁਨਿਆਦੀ ਢਾਂਚੇ ਵਿੱਚ $130 ਬਿਲੀਅਨ ਤੋਂ ਵੀ ਵੱਧ ਬੇਮਿਸਾਲ ਨਿਵੇਸ਼ ਕਰਨ ਦੀ ਓਨਟਾਰੀਓ ਦੀ ਯੋਜਨਾ ਨੂੰ ਜਾਰੀ ਰੱਖਦਾ ਹੈ ਅਤੇ ਇਸ ਵਿੱਚ ਵਿਸਤਾਰ ਕਰਦਾ ਹੈ। ਇਸ ਵਿੱਚ ਸ਼ਾਮਲ ਹਨ:

- ਓਨਟਾਰੀਓ ਨੂੰ ਅੱਗੇ ਲਿਜਾਉਣਾ (Moving Ontario Forward) ਲਈ ਸਮਰਪਿਤ ਫੰਡਾਂ ਨੂੰ ਵਧਾ ਕੇ $2.6 ਬਿਲੀਅਨ ਤਕ ਕਰਨਾ ਜੋ ਅਗਲੇ 10 ਸਾਲਾਂ ਦੌਰਾਨ ਕੁੱਲ $31.5 ਬਿਲੀਅਨ ਹੋ ਜਾਵੇਗਾ — ਗ੍ਰੇਟਰ ਟੋਰਾਂਟੋ ਅਤੇ ਹੈਮਿਲਟਨ ਏਰੀਆ (Greater Toronto and Hamilton Area- GTHA) ਅੰਦਰ ਰੋਜ਼ਾਨਾ-ਆਵਾਜਾਈ ਦੇ ਪ੍ਰੋਜੈਕਟਾਂ ਵਿੱਚ ਲਗਭਗ $16 ਬਿਲੀਅਨ ਅਤੇ GTHA ਤੋਂ ਬਾਹਰ ਲਗਭਗ $15 ਬਿਲੀਅਨ ਢੋਆ-ਢੁਆਈ ਅਤੇ ਬੁਨਿਆਦੀ ਢਾਂਚੇ ਦੇ ਹੋਰ ਤਰਜੀਹੀ ਖੇਤਰਾਂ ਲਈ ਉਪਲਬਧ ਹਨ। ਇਹ ਵਾਧਾ ਸੂਬੇ ਦੀ ਸੰਪਤੀ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਯੋਜਨਾ ਦੇ ਉੱਚੇ ਟੀਚੇ ਕਾਰਨ ਹੈ; ਅਤੇ

- 2015-16 ਵਿੱਚ ਸੜਕਾਂ, ਪੁੱਲਾਂ, ਜਨਤਕ ਰੋਜ਼ਾਨਾ ਆਵਾਜਾਈ, ਵਾਟਰ ਸਿਸਟਮਾਂ, ਹਸਪਤਾਲਾਂ, ਅਤੇ ਸਕੂਲਾਂ ਵਰਗੇ ਬੁਨਿਆਦੀ ਢਾਂਚੇ ਵਿੱਚ $11.9 ਬਿਲੀਅਨ ਦਾ ਯੋਜਨਾਬੱਧ ਨਿਵੇਸ਼।

ਸਰਕਾਰ ਓਨਟਾਰੀਓ ਦੀ ਅਰਥ-ਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ, ਆਪਣੀਆਂ ਸੰਪਤੀਆਂ ਦੇ ਮੁੱਲ ਦੀ ਵਰਤੋਂ ਕਰਨ ਅਤੇ ਜਨਤਕ ਆਵਾਜਾਈ, ਢੋਆ-ਢੁਆਈ ਅਤੇ ਬੁਨਿਆਦੀ ਢਾਂਚੇ ਦੇ ਹੋਰ ਤਰਜੀਹੀ ਪ੍ਰੋਜੈਕਟਾਂ ਵਿੱਚ ਟ੍ਰੀਲੀਅਮ ਟ੍ਰਸਟ (Trillium Trust) ਜ਼ਰੀਏ ਨਿਰੋਲ ਆਮਦਨ ਨੂੰ ਮੁੜ ਤੋਂ ਨਿਵੇਸ਼ ਕਰਨ ਦੀ ਯੋਜਨਾ ਨਾਲ ਅੱਗੇ ਵੱਧ ਰਹੀ ਹੈ। ਓਨਟਾਰੀਓ ਨੂੰ ਅੱਗੇ ਲਿਜਾਉਣਾ (Moving Ontario Forward) ਲਈ ਸਮਰਪਿਤ ਫੰਡਾਂ ਵਿੱਚ ਵਾਧਾ ਤਰਜੀਹੀ ਪ੍ਰੋਜੈਕਟਾਂ ਦੀ ਰਫਤਾਰ ਵਿੱਚ ਵਾਧਾ ਕਰੇਗਾ ਅਤੇ ਨਵੇਂ ਪ੍ਰੋਜੈਕਟਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੇ ਸਮਰੱਥ ਬਣਾਏਗਾ। ਸੰਪਤੀ ਦੇ ਵੱਧ ਤੋਂ ਵੱਧ ਲਾਭ ਲੈਣ ਦੀ ਯੋਜਨਾ ਵਿੱਚ ਸ਼ਾਮਲ ਹੈ:

- ਸਥਾਈ ਜਨਤਕ ਫਾਇਦਿਆਂ ਅਤੇ ਜਾਰੀ ਜਨਤਕ ਅਤੇ ਰੇਟਪੇਅਰ ਸੁਰੱਖਿਆਵਾਂ ਨੂੰ ਬਣਾਉਣ ਲਈ Hydro One ਦੀ ਮਲਕੀਅਤ ਦਾ ਵਿਸਤਾਰ ਕਰਨਾ।

- ਪ੍ਰਮੁੱਖ-ਸਥਾਨਾਂ 'ਤੇ ਸਥਿਤ ਅਨੇਕਾਂ ਜ਼ਮੀਨੀ ਸੰਪਤੀਆਂ ਦੀ ਵੇਚ ਲਈ ਸਮੀਖਿਆ ਕਰਨੀ।

<u>ਨੌਕਰੀਆਂ ਪੈਦਾ ਕਰਨ ਲਈ ਕਾਰੋਬਾਰ ਨਾਲ ਭਾਈਵਾਲੀ ਕਰਨੀ</u>

ਓਨਟਾਰੀਓ ਫਾਇਦੇਮੰਦ, ਵੱਧ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨੀਆਂ ਜਾਰੀ ਰੱਖ ਰਿਹਾ ਹੈ। ਜੂਨ 2009 ਵਿੱਚ ਮੰਦੀ ਦੇ ਹੇਠਲੇ ਪੱਧਰ ਤੋਂ ਬਾਅਦ ਰੁਜ਼ਗਾਰ ਮਜ਼ਬੂਤੀ ਨਾਲ ਪਹਿਲਾਂ ਵਾਲੀ ਸਥਿਤੀ ਵਿੱਚ ਆ ਗਿਆ ਹੈ, ਜਿਸ ਵਿੱਚ ਕੁੱਲ ਪੰਜ ਲੱਖ ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਹੋਈਆਂ - ਜਿਹਨਾਂ ਵਿੱਚੋਂ ਤਿੰਨ-ਚੁਥਾਈ ਉਹਨਾਂ ਉਦਯੋਗਾਂ ਵਿੱਚ ਹਨ ਜੋ ਔਸਤ ਤੋਂ ਵੱਧ ਤਨਖਾਹਾਂ ਦੇ ਰਹੇ ਹਨ। ਸੂਬੇ ਨੇ ਕੌਮਾਂਤਰੀ ਆਰਥਿਕ ਮੰਦੀ ਤੋਂ ਬਾਅਦ ਗੁਆਈਆਂ ਸਾਰੀਆਂ ਨੌਕਰੀਆਂ ਤੋਂ ਵੀ ਵੱਧ ਨੂੰ ਮੁੜ ਤੋਂ ਪ੍ਰਾਪਤ ਕਰ ਲਿਆ ਹੈ। ਇਹ ਉੱਚ ਦਰਜੇ ਵਾਲੀਆਂ ਨੌਕਰੀਆਂ ਵਿਅਕਤੀਗਤ ਵਿਕਾਸ ਦੇ ਮੌਕੇ ਮੁਹੱਈਆ ਕਰਦੀਆਂ ਹਨ ਜਦਕਿ ਸਾਰੇ ਓਨਟਾਰੀਓ ਵਾਸੀਆਂ ਲਈ ਵਿੱਤੀ ਸਥਿਰਤਾ ਪੈਦਾ ਕਰਦੀਆਂ ਹਨ ਅਤੇ ਖੁਸ਼ਹਾਲੀ ਨੂੰ ਨਿਸ਼ਚਿਤ ਬਣਾਉਂਦੀਆਂ ਹਨ।

*2015 ਦਾ ਬਜਟ* ਅੱਗੇ ਦਿੱਤੀਆਂ ਗੱਲਾਂ ਰਾਹੀਂ ਓਨਟਾਰੀਓ ਦੀ ਅਰਥ-ਵਿਵਸਥਾ ਨੂੰ ਉੱਪਰ ਲਿਜਾਣਾ ਜਾਰੀ ਰੱਖਦਾ ਹੈ:

- 10 ਸਾਲਾਂ ਲਈ ਫੰਡਾਂ ਵਿੱਚ ਵਾਧਾ ਕਰਨਾ, ਹੋਰ ਕਾਰੋਬਾਰਾਂ ਨਾਲ ਭਾਈਵਾਲੀ ਕਰਨ ਲਈ $2.5 ਬਿਲੀਅਨ ਨੌਕਰੀਆਂ ਅਤੇ ਖੁਸ਼ਹਾਲੀ ਫੰਡ (Jobs and Prosperity Fund), ਉਤਪਾਦਕਤਾ ਨੂੰ ਵਧਾਉਣਾ, ਨਵੀਨੀਕਰਨ ਨੂੰ ਵਧਾਉਣਾ, ਨਿਰਯਾਤ ਨੂੰ ਅੱਗੇ ਵਧਾਉਣਾ ਅਤੇ ਨੌਕਰੀਆਂ ਪੈਦਾ ਕਰਨੀਆਂ। *2015 ਦਾ ਬਜਟ* ਐਲਾਨ ਕਰਦਾ ਹੈ ਕਿ 2015–16 ਦੀ ਸ਼ੁਰੂਆਤ ਨਾਲ ਫੰਡ ਵਿੱਚ ਕੁੱਲ $200 ਮਿਲੀਅਨ ਤਕ ਵਾਧਾ ਕੀਤਾ ਜਾਵੇਗਾ, ਅਗਲੇ 10 ਸਾਲਾਂ ਦੌਰਾਨ ਫੰਡ ਵਿੱਚ $2.7 ਬਿਲੀਅਨ ਤਕ ਵਾਧਾ ਕੀਤਾ ਜਾਵੇਗਾ ਅਤੇ ਜੰਗਲਾਤ ਖੇਤਰ ਲਈ ਯੋਗਤਾ ਦਾ ਵਿਸਤਾਰ ਕੀਤਾ ਜਾਵੇਗਾ।

- ਜਾਰੀ ਰੱਖਦੇ ਹੋਏ, ਮਾਰਚ 2016 ਤੋਂ ਵੀ ਅਗਾਂਹ, ਯੋਗਤਾ ਪੂਰੀਆਂ ਕਰਨ ਵਾਲੇ ਵੱਡੇ ਉੱਤਰੀ ਉਦਯੋਗਿਕ ਸਹੂਲਤਾਂ ਲਈ ਬਿਜਲੀ ਕੀਮਤ ਵਿੱਚ ਸਹਾਇਤਾ, ਜੋ ਨੌਕਰੀਆਂ ਅਤੇ ਕੌਮਾਂਤਰੀ ਪ੍ਰਤੀਯੋਗਤਾ ਨੂੰ ਬਰਕਰਾਰ ਰੱਖਦੀ ਹੈ।

- ਖੁਸ਼ਹਾਲ ਆਰਥਿਕ ਭਵਿੱਖ ਅਤੇ ਪ੍ਰਫੁੱਲਤ ਸਮਾਜ ਨੂੰ ਯਕੀਨੀ ਬਣਾਉਣ ਲਈ ਮੌਸਮੀ ਤਬਦੀਲੀ ਨਾਲ ਹੁਣੇ ਹੀ ਨਜਿੱਠਣਾ। ਓਨਟਾਰੀਓ ਆਪਣੀ ਕਾਰਬਨ ਕੀਮਤ ਦੇ ਢਾਂਚੇ ਵੱਜੋਂ ਸੀਮਾਬੱਧਤਾ ਅਤੇ ਵਟਾਂਦਰੇ ਦੀ ਵਿਵਸਥਾ ਨਾਲ ਅੱਗੇ ਵਧੇਗਾ। ਸੀਮਾਬੱਧਤਾ ਅਤੇ ਵਟਾਂਦਰੇ ਪ੍ਰੋਗਰਾਮ ਤੋਂ ਆਮਦਨੀ ਨੂੰ ਅਹਿਮ ਤਰਜੀਹਾਂ ਵੱਲ ਮੋੜਿਆ ਜਾਵੇਗਾ ਜੋ ਗ੍ਰੀਨਹਾਊਸ ਗੈਸ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰਨਗੀਆਂ।

<u>ਬੇਹਦ ਹੁਨਰਮੰਦ ਕਿਰਤ-ਸ਼ਕਤੀ ਦਾ ਵਿਕਾਸ ਕਰਨਾ</u>

ਓਨਟਾਰੀਓ ਦੀ ਸਭ ਤੋਂ ਵੱਡੀ ਤਾਕਤ ਇਸਦੇ ਲੋਕ ਹਨ। ਅੱਗੇ ਦਿੱਤੀਆਂ ਗੱਲਾਂ ਰਾਹੀਂ ਅੱਜ ਲੋਕਾਂ ਵਿੱਚ ਨਿਵੇਸ਼ ਕਰਕੇ ਅਤੇ ਓਨਟਾਰੀਓ-ਵਾਸੀਆਂ ਦੀ ਸਹਾਇਤਾ ਕਰਕੇ ਜਿਸਦੀ ਕਿ ਉਹਨਾਂ ਨੂੰ ਸਹੀ ਹੁਨਰਾਂ ਅਤੇ ਸਹੀ ਨੌਕਰੀਆਂ ਪ੍ਰਾਪਤ ਕਰਨ ਲਈ ਲੋੜ ਹੈ, ਸਰਕਾਰ ਕੱਲ੍ਹ ਦੀ ਮਜ਼ਬੂਤ ਅਰਥ-ਵਿਵਸਥਾ ਬਣਾ ਰਹੀ ਹੈ। ਬਜਟ ਦੇ ਉਪਾਵਾਂ ਵਿੱਚ ਸ਼ਾਮਲ ਹਨ:

- ਤਜਰਬੇ-ਅਧਾਰਤ ਪੜ੍ਹਾਈ ਦੇ ਪ੍ਰਯੋਗਿਕ ਪ੍ਰੋਗਰਾਮਾਂ ਵਰਗੀਆਂ ਨਵੀਨਤਾਵਾਂ ਨਾਲ, ਪ੍ਰੀਸਕੂਲ ਅਤੇ ਪੂਰੇ ਦਿਨ ਦੇ ਕਿੰਡਰਗਾਰਟਨ ਤੋਂ ਲੈ ਕੇ ਸੈਕੰਡਰੀ ਤੋਂ ਬਾਅਦ ਦੀ ਸਿੱਖਿਆ ਅਤੇ ਵਪਾਰਕ ਸਿਖਲਾਈ ਪ੍ਰੋਗਰਾਮਾਂ ਤਕ, ਸਿੱਖਿਆ ਅਤੇ ਹੁਨਰ ਸਿਖਲਾਈ ਵਿੱਚ ਸੁਧਾਰ ਜਾਰੀ ਰੱਖਣਾ।

- ਦੋ ਸਾਲਾਂ ਦੌਰਾਨ ਓਨਟਾਰੀਓ ਦੇ ਨੌਜਵਾਨਾਂ ਲਈ ਨੌਕਰੀਆਂ ਦੀ ਰਣਨੀਤੀ (Ontario Youth Jobs Strategy) ਵਿੱਚ $250 ਦਾ ਵਾਧੂ ਨਿਵੇਸ਼ ਕਰਨਾ, ਅਤੇ ਇਸ ਤਰ੍ਹਾਂ ਨੌਜਵਾਨਾਂ ਦੇ ਰੁਜ਼ਗਾਰ ਪ੍ਰੋਗਰਾਮਾਂ ਵਿੱਚ ਕੁੱਲ ਨਿਵੇਸ਼ ਨੂੰ $565 ਮਿਲੀਅਨ ਤੋਂ ਵੀ ਜ਼ਿਆਦਾ ਕਰਨਾ।

- ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਨੂੰ ਮਜ਼ਬੂਤ ਕਰਨ ਲਈ ਓਨਟਾਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ (Ontario Student Assistance Program) ਦਾ ਆਧੁਨਿਕੀਕਰਨ ਕਰਨਾ।

<u>ਜ਼ਿੰਮੇਵਾਰੀ ਦਾ ਪ੍ਰਬੰਧ ਕਰਨਾ</u>

ਸਰਕਾਰ ਦਾ ਸਾਬਤ ਹੋਇਆ ਮਜ਼ਬੂਤ ਵਿੱਤੀ ਪ੍ਰਬੰਧਨ ਦਾ ਟ੍ਰੈਕ ਰਿਕਾਰਡ ਹੈ। 2010-11 ਤੋਂ, ਸੂਬੇ ਨੇ ਅਹਿਮ ਸੇਵਾਵਾਂ ਵਿੱਚ ਕਟੌਤੀ ਕੀਤੇ ਬਿਨਾਂ ਪ੍ਰੋਗਰਾਮ ਖਰਚ ਵਿੱਚ ਔਸਤਨ ਸਲਾਨਾ ਵਾਧਾ 1.5 ਪ੍ਰਤਿਸ਼ਤ ਤਕ ਰੱਖਿਆ ਹੈ, ਜੋ ਮੁਦਰਾ-ਸਫੀਤੀ ਦੀ ਦਰ ਤੋਂ ਘੱਟ ਹੈ।

*2015 ਦਾ ਬਜਟ* ਹੇਠਾਂ ਦਿੱਤੀਆਂ ਗੱਲਾਂ ਰਾਹੀਂ ਵਿੱਤੀ ਸੰਤੁਲਨ ਲਈ ਅਗਲੇਰੀ ਪ੍ਰਗਤੀ ਕਰਦਾ ਹੈ:

- ਪ੍ਰੋਗਰਾਮ ਰਿਵਿਊ, ਨਵੀਨੀਕਰਨ ਅਤੇ ਟ੍ਰਾਂਸਫਾਰਮੇਸ਼ਨ [Program Review, Renewal and Transformation (PRRT)] ਨੂੰ ਜਾਰੀ ਰੱਖਣਾ, ਜੋ ਕਿ ਬਹੁ-ਸਾਲੀ ਯੋਜਨਾ ਅਤੇ ਬਜਟ ਬਣਾਉਣ ਲਈ ਬੁਨਿਆਦੀ ਤੌਰ 'ਤੇ ਨਵੀਂ ਪਹੁੰਚ ਹੈ। ਇਹ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਤਬਦੀਲੀ ਲਿਆਉਣ ਲਈ ਥੋੜ੍ਹੇ ਅਤੇ ਲੰਬੇ ਸਮੇਂ ਦੇ ਮੌਕਿਆਂ ਦੀ ਪਛਾਣ ਕਰ ਰਿਹਾ ਹੈ, ਅਤੇ ਉਹਨਾਂ ਪ੍ਰੋਗਰਾਮਾਂ ਨੂੰ ਸਮਾਪਤ ਕਰਨ ਲਈ ਮੁਸ਼ਕਲ ਚੋਣਾਂ ਕਰ ਰਿਹਾ ਹੈ ਜੋ ਕਾਰਗੁਜ਼ਾਰੀ ਨਹੀਂ ਦਿਖਾ ਰਹੇ ਹਨ, ਅਹਿਮ ਤਰਜੀਹਾਂ ਨਾਲ ਨਹੀਂ ਜੁੜਦੇ ਹਨ ਜਾਂ ਹੁਣ ਸਪੱਸ਼ਟ ਜਨਤਕ ਹਿੱਤ ਦੀ ਸੇਵਾ ਨਹੀਂ ਕਰਦੇ। 2014-15 ਲਈ, ਕਈ ਪਹਿਲਕਦਮੀਆਂ ਰਾਹੀਂ $250 ਮਿਲੀਅਨ ਪ੍ਰੋਗਰਾਮ ਸਮੀਖਿਆ ਬਾਰੇ ਬੱਚਤਾਂ ਦਾ ਟੀਚਾ ਪੂਰਾ ਕੀਤਾ ਗਿਆ ਸੀ ਜਿਸ ਨੇ ਕਾਰਜਕੁਸ਼ਲਤਾਵਾਂ ਦੀ ਪਹਿਚਾਣ ਕੀਤੀ, ਕੀਮਤਾਂ ਵਿੱਚ ਕਮੀ ਲਿਆਂਦੀ ਜਾਂ ਮੂਹਰਲੀ ਕਤਾਰ ਵਾਲੀਆਂ ਸੇਵਾਵਾਂ 'ਤੇ ਅਸਰ ਪਾਏ ਬਗੈਰ ਪ੍ਰਸ਼ਾਸਨਿਕ ਬੱਝੇ ਖਰਚ ਵਿੱਚ ਕਮੀ ਲਿਆਉਂਦੀ। ਪ੍ਰੋਗਰਾਮ ਸਮੀਖਿਆ ਬਾਰੇ ਬੱਚਤਾਂ ਦੇ ਟੀਚੇ 2015–16, 2016–17 ਅਤੇ 2017–18 ਵਿੱਚੋਂ ਹਰੇਕ ਸਾਲ ਲਈ $500 ਮਿਲੀਅਨ ਹਨ।

- ਦਰਮਿਆਨੇ ਸਮੇਂ ਦੌਰਾਨ ਪ੍ਰੋਗਰਾਮ ਖਰਚ ਦੇ ਵਾਧੇ ਦਾ ਪ੍ਰਬੰਧ ਕਰਨਾ, ਜਿਸ ਦੇ 2013-14 ਅਤੇ 2017-18 ਦਰਮਿਆਨ 0.9 ਪ੍ਰਤਿਸ਼ਤ ਦੀ ਔਸਤ ਨਾਲ ਰਹਿਣ ਦੇ ਅਨੁਮਾਨ ਵਜੋਂ ਦਿਖਾਇਆ ਜਾਂਦਾ ਹੈ।

    - ਸਮੁੱਚੇ ਸਿਹਤ ਖੇਤਰ ਦੇ ਖਰਚ ਵਿੱਚ ਔਸਤਨ ਪ੍ਰਤੀ ਸਾਲ 1.9 ਪ੍ਰਤਿਸ਼ਤ ਦਾ ਵਾਧਾ ਹੋਣ, ਸਿੱਖਿਆ ਖੇਤਰ ਵਿੱਚ ਪ੍ਰਤੀ ਸਾਲ 2.0 ਪ੍ਰਤਿਸ਼ਤ ਤਕ ਖਰਚ ਹੋਣ, ਬੱਚਿਆਂ ਅਤੇ ਸਮਾਜਿਕ ਸੇਵਾਵਾਂ ਦੇ ਖੇਤਰ ਵਿੱਚ ਪ੍ਰਤੀ ਸਾਲ 2.9 ਪ੍ਰਤਿਸ਼ਤ ਤਕ ਖਰਚ ਹੋਣ ਅਤੇ ਨਿਆਂਇਕ ਖੇਤਰ ਵਿੱਚ ਪ੍ਰਤੀ ਸਾਲ 1.5 ਪ੍ਰਤਿਸ਼ਤ ਤਕ ਖਰਚ ਹੋਣ ਦਾ ਅਨੁਮਾਨ ਹੈ।

    - ਸੈਕੰਡਰੀ ਤੋਂ ਬਾਅਦ ਅਤੇ ਸਿਖਲਾਈ ਖੇਤਰ ਦੇ ਖਰਚ ਵਿੱਚ ਵਿਆਪਕ ਰੂਪ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ ਅਤੇ ਹੋਰ ਸਾਰੇ ਪ੍ਰੋਗਰਾਮ ਖਰਚ ਵਿੱਚ ਪ੍ਰਤੀ ਸਾਲ 5.5 ਪ੍ਰਤਿਸ਼ਤ ਤਕ ਕਮੀ ਹੋਣ ਦਾ ਅਨੁਮਾਨ ਹੈ।

- ਓਨਟਾਰੀਓ ਦੇ ਮੌਜੂਦਾ ਵਿੱਤੀ ਢਾਂਚੇ ਅੰਦਰ ਓਨਟਾਰੀਓ ਪਬਲਿਕ ਸਰਵਿਸ ਅਤੇ ਵਿਆਪਕ ਜਨਤਕ ਖੇਤਰ ਨਾਲ ਸਮੂਹਿਕ ਇਕਰਾਰਨਾਮੇ ਲਈ ਗੱਲਬਾਤ ਜਾਰੀ ਰੱਖਣੀ, ਜਿਸ ਵਿੱਚ ਤਨਖਾਹ ਵਾਧਿਆਂ ਲਈ ਵਾਧੂ ਫੰਡ ਸ਼ਾਮਲ ਨਹੀਂ ਹਨ। ਤਨਖਾਹਾਂ ਵਿੱਚ ਕਿਸੇ ਵੀ ਮਾਮੂਲੀ ਵਾਧੇ ਨੂੰ ਮਾਲਕਾਂ ਕੋਲ ਉਪਲਬਧ ਮੌਜੂਦਾ ਫੰਡਾਂ ਦੇ ਅੰਦਰ ਹੋਰਨਾਂ ਉਪਾਆਂ ਨਾਲ ਲਾਜ਼ਮੀ ਤੌਰ 'ਤੇ ਸੰਤੁਲਿਤ ਕਰਨਾ ਚਾਹੀਦਾ ਹੈ ਤਾਂ ਜੋ ਨੈੱਟ ਜ਼ੀਰੋ ਐਗਰੀਮੈਂਟ ਪੈਦਾ ਕੀਤਾ ਜਾ ਸਕੇ।

    - ਜੁਲਾਈ 2012 ਤੋਂ, ਓਨਟਾਰੀਓ ਦੇ ਸਮੁੱਚੇ ਜਨਤਕ ਖੇਤਰ ਵਿੱਚ ਤੈਅ ਕੀਤਾ ਔਸਤ ਸਲਾਨਾ ਵਾਧਾ 0.6 ਪ੍ਰਤਿਸ਼ਤ ਰਿਹਾ ਹੈ। ਇਹ ਓਨਟਾਰੀਓ ਦੇ ਮਿਊਨਿਸਿਪਲ ਜਨਤਕ ਖੇਤਰ (1.9 ਪ੍ਰਤਿਸ਼ਤ), ਓਨਟਾਰੀਓ ਵਿੱਚ ਸੰਘੀ ਜਨਤਕ ਖੇਤਰ (1.7 ਪ੍ਰਤਿਸ਼ਤ) ਅਤੇ ਓਨਟਾਰੀਓ ਦੇ ਨਿੱਜੀ ਖੇਤਰ (2.0 ਪ੍ਰਤਿਸ਼ਤ) ਤੋਂ ਘੱਟ ਹੈ।

- ਕਾਰੋਬਾਰ ਲਈ ਇੱਕੋ ਜਿਹੇ ਮੌਕੇ ਦੇਣ ਵਿੱਚ ਮਦਦ ਕਰਨ ਲਈ ਛੁਪੀ ਹੋਈ ਅਰਥ-ਵਿਵਸਥਾ ਦਾ ਮੁਕਾਬਲਾ ਕਰਨਾ, ਜਿਸ ਬਾਰੇ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਓਨਟਾਰੀਓ ਵਿੱਚ ਸਲਾਨਾ ਆਰਥਿਕ ਗਤੀਵਿਧੀ ਵਿੱਚ $15 ਬਿਲੀਅਨ ਹੈ। ਸੂਬਾ ਬਿਹਤਰ ਢੰਗ ਨਾਲ ਜਾਣਕਾਰੀ ਇਕੱਠੀ ਕਰਨ ਅਤੇ ਵਿਸ਼ਲੇਸ਼ਣ ਜ਼ਰੀਏ, ਵਰਜਿਤ ਤਮਾਖੂ ਨਾਲ ਨਜਿੱਠਣ ਲਈ ਵਧਾਏ ਗਏ ਉਪਾਆਂ ਜ਼ਰੀਏ ਅਤੇ ਕਾਰਪੋਰੇਟ ਟੈਕਸ ਵਿੱਚ ਟਾਲਮਟੋਲ ਨੂੰ ਘਟਾਉਣ ਜ਼ਰੀਏ ਇਸ ਨੂੰ ਹਾਸਲ ਕਰ ਰਿਹਾ ਹੈ। ਸੂਬਾ ਇਲੈਕਟ੍ਰਾਨਿਕ ਸੇਲ ਸਪ੍ਰੈਸ਼ਨ ਟੈਕਨਾਲੋਜੀਆਂ ਦੀ ਵਰਤੋਂ, ਉਤਪਾਦਨ ਜਾਂ ਵੰਡ ਨੂੰ ਗੈਰਕਨੂੰਨੀ ਬਣਾਉਣ ਲਈ ਸੁਝਾਅ ਦੇਵੇਗਾ।

ਹਵਾਲਾ

"ਓਨਟਾਰੀਓ ਦਾ 2015 ਦਾ ਬਜਟ ਸੂਬੇ ਦੀ ਵਿੱਤ ਬਾਰੇ ਰਿਪੋਰਟ ਤੋਂ ਵੱਧ ਕੇ ਕੁਝ ਹੋਰ ਵੀ ਹੈ। ਇਹ ਇਸ ਸਮੁੱਚੇ ਸੂਬੇ ਦੇ ਲੋਕਾਂ ਦੀ ਜ਼ਿੰਦਗੀ ਦੀ ਸੁਰੱਖਿਆ, ਸੰਭਾਲ ਅਤੇ ਇਸ ਦੀ ਗੁਣਵੱਤਾ ਵਿੱਚ ਵਾਧਾ ਕਰਨ ਬਾਰੇ ਹੈ। ਓਨਟਾਰੀਓ ਅਜਿਹੇ ਇਤਿਹਾਸਕ ਬੁਨਿਆਦੀ ਢਾਂਚੇ ਅਤੇ ਜਨਤਕ ਰੋਜ਼ਾਨਾ-ਆਵਾਜਾਈ ਵਿੱਚ ਨਿਵੇਸ਼ਾਂ ਜ਼ਰੀਏ ਆਧੁਨਿਕ ਅਰਥ-ਵਿਵਸਥਾ ਵਿੱਚ ਕੈਨੇਡਾ ਦੀ ਅਗਵਾਈ ਕਰਨ ਲਈ ਤਿਆਰ ਹੈ ਜੋ ਨਾ ਸਿਰਫ ਵਸਤੂਆਂ ਨੂੰ ਬਜ਼ਾਰ ਵਿੱਚ ਤੇਜ਼ੀ ਨਾਲ ਲਿਆਉਣਗੇ ਅਤੇ ਲੋਕਾਂ ਨੂੰ ਕੰਮ ਤੋਂ ਉਹਨਾਂ ਦੇ ਘਰਾਂ ਤਕ ਸੁਰੱਖਿਅਤ ਪਹੁੰਚਾਉਣਗੇ, ਬਲਕਿ ਓਨਟਾਰੀਓ ਨੂੰ ਹੋਰ ਮੁਕਾਬਲੇਦਾਰ, ਹੋਰ ਉਤਪਾਤਕ ਸੂਬਾ ਵੀ ਬਣਾਉਣਗੇ।
ਇਹ ਬਜਟ ਲੋਕਾਂ ਦੇ ਹੁਨਰਾਂ ਅਤੇ ਸਿਖਲਾਈ ਵਿੱਚ ਨਿਵੇਸ਼ ਕਰਨ, ਗਤੀਸ਼ੀਲ ਅਤੇ ਮੁਕਾਬਲੇਦਾਰ ਕਾਰੋਬਾਰੀ ਮਾਹੌਲ ਵਿੱਚ ਸਹਾਇਤਾ ਕਰਨ, ਸੁਰੱਖਿਅਤ ਰਿਟਾਇਰਮੈਂਟ ਨੂੰ ਪ੍ਰੋਤਸਾਹਿਤ ਕਰਨ ਅਤੇ ਸਾਡੇ ਪ੍ਰੋਗਰਾਮ ਖਰਚ ਦਾ ਪ੍ਰਬੰਧਨ ਕਰਨ ਦੀ ਸਾਡੀ ਯੋਜਨਾ ਨੂੰ ਰੇਖਾਂਕਿਤ ਕਰਦਾ ਹੈ। ਓਨਟਾਰੀਓ 2017-18 ਤਕ ਆਪਣੇ ਬਜਟ ਨੂੰ ਸੰਤੁਲਿਤ ਕਰਨ ਦੇ ਰਸਤੇ 'ਤੇ ਹੈ ਅਤੇ ਅਸੀਂ ਅਜਿਹਾ ਇਸ ਤਰੀਕੇ ਨਾਲ ਕਰਾਂਗੇ ਜੋ ਨਿਆਂਸੰਗਤ ਅਤੇ ਜ਼ਿੰਮੇਵਾਰਾਨਾ ਹੈ।''

— Charles Sousa, ਵਿੱਤ ਮੰਤਰੀ (Minister of Finance)

ਜਲਦ ਤੱਥ

ਨਿੱਜੀ ਖੇਤਰ ਦੇ ਜ਼ਿਆਦਾਤਰ ਪੂਰਵ-ਅਨੁਮਾਨ ਲਗਾਉਣ ਵਾਲਿਆਂ ਦੀ ਭਵਿੱਖਬਾਣੀ ਹੈ ਕਿ ਅਗਲੇ ਦੋ ਸਾਲਾਂ ਵਿੱਚੋਂ ਹਰੇਕ ਸਾਲ ਵਿੱਚ ਓਨਟਾਰੀਓ ਦੀ ਅਰਥ-ਵਿਵਸਥਾ ਸੂਬਾਈ ਵਿਕਾਸ ਦੇ ਆਗੂਆਂ ਵਿੱਚ ਸ਼ਾਮਲ ਹੋਵੇਗੀ।

- ਸਰਕਾਰ ਨੇ 2013–14 ਵਿੱਚ ਵਿਦਿਆਰਥੀ ਗ੍ਰਾਂਟਾਂ ਅਤੇ ਕਰਜ਼ਿਆਂ ਲਈ $1.3 ਬਿਲੀਅਨ ਤੋਂ ਵੀ ਵੱਧ ਰਾਸ਼ੀ ਮੁਹੱਈਆ ਕੀਤੀ, ਜਿਸ ਨਾਲ 380,000 ਵਿਦਿਆਰਥੀਆਂ ਦੀ ਮਦਦ ਹੋਈ।
- ਇੰਪਲੋਇਮੈਂਟ ਓਨਟਾਰੀਓ ਨੈਟਵਰਕ ਨੇ 2013–14 ਵਿੱਚ ਲਗਭਗ ਦੱਸ ਲੱਖ ਓਨਟਾਰੀਓ ਵਾਸੀਆਂ ਦੀ ਮਦਦ ਕੀਤੀ, ਜਿਸ ਵਿੱਚ ਸਮੁੱਚੇ ਓਨਟਾਰੀਓ ਵਿੱਚ 150,000 ਤੋਂ ਵੀ ਵੱਧ ਰੁਜ਼ਗਾਰਦਾਤਾ ਸਨ।
- 1 ਜੂਨ 2014 ਤੋਂ, ਘੰਟਾਵਾਰ ਘੱਟੋ-ਘੱਟ ਮਜ਼ਦੂਰੀ ਨੂੰ ਵਧਾ ਕੇ $11 ਕੀਤਾ ਗਿਆ। ਇਹ ਅਕਤੂਬਰ 2015 ਵਿੱਚ ਵਧ ਕੇ $11.25 ਹੋ ਜਾਵੇਗੀ।

ਵਧੇਰੇ ਜਾਣੋ

2015 ਓਨਟਾਰੀਓ ਬਜਟ ਪੜ੍ਹੋ

ਬਜਟ ਦਾ ਭਾਸ਼ਣ ਪੜ੍ਹੋ

2015 ਓਨਟਾਰੀਓ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਪੜ੍ਹੋ

2015 ਓਨਟਾਰੀਓ ਬਜਟ ਬਾਰੇ ਪਿਛੋਕੜ ਜਾਣਕਾਰੀ ਪੜ੍ਹੋ:

- ਓਨਟਾਰੀਓ ਦੇ ਬੁਨਿਆਦੀ ਢਾਂਚੇ ਨੂੰ ਉੱਪਰ ਚੁੱਕਣਾ
- ਨੌਕਰੀਆਂ ਪੈਦਾ ਕਰਨ ਲਈ ਕਾਰੋਬਾਰ ਨਾਲ ਭਾਈਵਾਲੀ ਕਰਨੀ
- ਬੇਹਦ ਹੁਨਰਮੰਦ ਕਿਰਤ-ਸ਼ਕਤੀ ਦਾ ਵਿਕਾਸ ਕਰਨਾ
- ਸਾਰੇ ਓਨਟਾਰੀਓ ਵਾਸੀਆਂ ਲਈ ਨਿਆਂਸੰਗਤ ਸਮਾਜ ਵਿੱਚ ਨਿਵੇਸ਼ ਕਰਨਾ
- ਰਾਸ਼ਟਰੀ ਅਗਵਾਈ - ਮਜ਼ਬੂਤ ਓਨਟਾਰੀਓ, ਮਜ਼ਬੂਤ ਕੈਨੇਡਾ
- ਸਾਰੇ ਓਨਟਾਰੀਓ ਵਾਸੀਆਂ ਲਈ ਰਿਟਾਇਰਮੈਂਟ ਸੁਰੱਖਿਆ ਨੂੰ ਮਜ਼ਬੂਤ ਕਰਨਾ
- ਓਨਟਾਰੀਓ ਨੂੰ ਉੱਪਰ ਉਠਾਉਣ ਲਈ ਮੁੱਲ ਦਾ ਵੱਧ ਤੋਂ ਵੱਧ ਲਾਭ ਲੈਣਾ

ਸਰਕਾਰੀ ਸੰਪਤੀਆਂ ਬਾਰੇ ਪ੍ਰੀਮੀਅਰ ਦੀ ਐਡਵਾਇਜ਼ਰੀ ਕਾਉਂਸਿਲ (Advisory Council on Government Assets) ਦੀਆਂ ਆਖਰੀ ਸਿਫਾਰਸ਼ਾਂ ਪੜ੍ਹੋ।

---

ਸਿਰਫ ਮੀਡੀਆ ਪੁੱਛ-ਗਿਛ ਲਈ:
Kelsey Ingram, ਮੰਤਰੀ ਦਾ ਆਫਿਸ (Minister's Office), 416-326-1409
Scott Blodgett, ਵਿੱਤ ਮੰਤਰਾਲਾ (Ministry of Finance), 416-325-0324

Ontario.ca/budget
Disponible en français

ਸਿਰਫ ਜਨਤਕ ਪੁੱਛ-ਗਿਛ ਲਈ:
1-800-337-7222
TTY: 1-800-263-7776